ਪੰਜਾਬ ਸਰਕਾਰ

ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ

(ਅਸ਼ਟਾਮ ਅਤੇ ਰਜਿਸਟਰੀ ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।
2. ਪੰਜਾਬ ਰਾਜ ਦੇ ਸਮੂਹ ਸਬ ਰਜਿਸਟਰਾਰਜ।
3. ਪੰਜਾਬ ਰਾਜ ਦੇ ਸਮੂਹ ਜੁਆਇੰਟ ਸਬ ਰਜਿਸਟਰਾਰਜ।

ਮੀਮੋਂ ਨੰ: 25/18/20-ਐਸ.ਟੀ-1 10822-24

ਚੰਡੀਗੜ੍ਹ, ਮਿਤੀ 25/08/2020

ਵਿਸ਼ਾ:- ਈ-ਰਜਿਸਟ੍ਰੇਸ਼ਨ ਫੀਸ ਵਿੱਚ Financial Embezzlement ਸਬੰਧੀ।

******

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਜਿਸਟਰਡ ਕੀਤੇ ਜਾਣ ਵਾਲੇ ਵਸੀਕੇ ਦੀ ਸਰਕਾਰੀ ਫ਼ੀਸ ਪ੍ਰਾਰਥੀ ਵੱਲੋਂ ਆਪਣੇ ਪੱਧਰ ਤੇ ਆਨਲਾਈਨ ਜਮ੍ਹਾਂ ਕਰਵਾ ਕੇ ਰਸੀਦ ਵਸੀਕੇ ਨਾਲ ਸ਼ਾਮਲ ਕਰਨੀ ਹੁੰਦੀ ਹੈ। ਪ੍ਰੰਤੂ, ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਸਬ-ਰਜਿਸਟਰਾਰ ਜਾਂ ਸਯੁੰਕਤ ਸਬ-ਰਜਿਸਟਰਾਰ ਦੇ ਦਫਤਰ ਵਿੱਚ ਰਜਿਸਟਰੀ ਕੰਪਿਊਟਰ ਵਿੱਚ ਦਰਜ ਕਰਨ ਅਤੇ ਫੋਟੋ ਕਰਨ ਦਾ ਕੰਮ ਕੁੱਝ ਪ੍ਰਾਈਵੇਟ ਵਿਅਕਤੀਆਂ ਦੁਆਰਾ ਕੀਤਾ ਜਾਂਦਾ ਹੈ ਅਤੇ ਉਹ ਪ੍ਰਾਇਵੇਟ ਵਿਅਕਤੀ ਹੀ ਵਸੀਕਾ ਰਜਿਸਟਰਡ ਕਰਨ ਦੀ ਸਰਕਾਰੀ ਫੀਸ ਵੀ ਆਪਣੇ ਪੱਧਰ ਤੇ ਵਸੂਲ ਕਰਦੇ ਹਨ। ਜਿਸ ਕਰਕੇ ਇਹ ਪ੍ਰਾਈਵੇਟ ਵਿਅਕਤੀ ਆਨਲਾਈਨ ਫੀਸ ਦੀ ਜਾਅਲੀ ਕਾਪੀ ਰਜਿਸਟਰੀ ਨਾਲ ਸ਼ਾਮਿਲ ਕਰ ਸਕਦੇ ਹਨ।

ਇਸ ਸਬੰਧ ਵਿੱਚ ਸਮੂਹ ਡਿਪਟੀ ਕਮਿਸ਼ਨਰਜ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਵੀ ਸਬ-ਰਜਿਸਟਰਾਰ ਜਾਂ ਜੁਆਇੰਟ-ਸਬ-ਰਜਿਸਟਰਾਰ ਦਫਤਰ ਵਿੱਚ ਇਸ ਤਰ੍ਹਾਂ ਦੀ ਕੁਤਾਹੀ ਧਿਆਨ ਵਿੱਚ ਆਈ ਤਾਂ ਸਮਰੱਥ ਅਧਿਕਾਰੀ ਖਿਲਾਫ਼ ਤੁਰੰਤ ਐਕਸ਼ਨ ਲਿਆ ਜਾਵੇ ਅਤੇ ਉਹਨਾਂ ਅਧਿਕਾਰੀਆਂ ਨੂੰ ਚਾਰਜਸ਼ੀਟ ਕਰਨ ਵਾਸਤੇ ਰਿਪੋਰਟ ਸਰਕਾਰ ਨੂੰ ਭੇਜਦੇ ਹੋਏ ਉਹਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਐਫ.ਆਈ.ਆਰ ਵੀ ਦਰਜ ਕਰਵਾਈ ਜਾਵੇ।

ਕੈਪਟਨ ਕਰਨੈਲ ਸਿੰਘ

ਵਧੀਕ ਸਕੱਤਰ ਮਾਲ

ਮਿ.ਤੀ

25/08/2020